27-Nov-3Star.qxd 11/27/2025 9:24 PM Page 1


'ਅਜੀਤ' 'ਚ
ਈਅਰ ਪੈਨਲ*
*ਥੋੜ੍ਹੇ ਪੈਸੇ
ਜ਼ਿਆਦਾ ਪ੍ਰਚਾਰ
ਬੁਕਿੰਗ ਲਈ ਸੰਪਰਕ ਕਰੋ:
ਮੈਨੇਜਰ ਇਸ਼ਤਿਹਾਰ
ਅਜੀਤ ਪ੍ਰਕਾਸ਼ਨ ਸਮੂਹ
ਨਹਿਰੂ ਗਾਰਡਨ ਰੋਡ, ਜਲੰਧਰ
ਫ਼ੋਨ : 0181-2455961-62-63,
ਫੈਕਸ : 2455960



ਪੰਜਾਬ ਦੀ ਆਵਾਜ਼

# ਅਜੀਤ ®© ***

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ, ਸ਼ੁੱਕਰਵਾਰ, 28 ਨਵੰਬਰ, 2025 (Friday, 28 November, 2025) 13 ਮੱਘਰ ਨਾਨਕਸ਼ਾਹੀ ਸੰਮਤ 557 (ਸਫ਼ੇ : 14) ਮੁੱਲ : 5.00 ਰੁਪਏ (Price ₹. 5.00)

AJIT (DAILY), CHANDIGARH, TRADEMARK AND COPYRIGHT SADHU SINGH HAMDARD TRUST, 2025. ALL RIGHTS RESERVED. ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ


ਪੰਜਾਬੀਆਂ ਦੀ ਧੜਕਣ
ਪੰਜਾਬ ਦੀ ਆਵਾਜ਼
ਰੋਜ਼ਾਨਾ ਪੜ੍ਹੋ:
ਅਜੀਤ
ਵਧੇਰੇ ਜਾਣਕਾਰੀ ਅਤੇ ਘਰ ਅਖ਼ਬਾਰ ਲਗਵਾਉਣ ਲਈ ਸੰਪਰਕ ਕਰੋ:
ਏਜੰਸੀ ਮੈਨੇਜਰ
ਅਜੀਤ ਭਵਨ, ਨਹਿਰੂ ਗਾਰਡਨ ਰੋਡ, ਜਲੰਧਰ।
ਫੋਨ: 0181-2455961-63 ਫੈਕਸ: 2455960


ਪੋਸਟਲ ਰਜਿ: ਨੰ: PB/JL-138/2024-26 | ਜਿਲਦ 11, ਅੰਕ 328 Vol. 11, No. 328 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960

# ਕੇਂਦਰੀ ਖੇਤੀਬਾੜੀ ਮੰਤਰੀ ਚੌਹਾਨ ਵਲੋਂ ਮੋਗਾ 'ਚ ਕਿਸਾਨਾਂ ਨਾਲ ਗੱਲਬਾਤ

## ਪਰਾਲੀ ਦੇ ਪ੍ਰਬੰਧਨ ਸੰਬੰਧੀ ਪਿੰਡ ਰਣਸੀਂਹ ਕਲਾਂ ਦੇ ਕਿਸਾਨਾਂ ਦੀ ਪਹਿਲਕਦਮੀ ਨੂੰ ਦੇਸ਼ ਭਰ ਲਈ ਉਦਾਹਰਨ ਦੱਸਿਆ

ਮੋਗਾ, 27 ਨਵੰਬਰ (ਸੁਰਿੰਦਰਪਾਲ ਸਿੰਘ)-ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਮੋਗਾ ਦੇ ਪਿੰਡ ਰਣਸੀਂਹ ਕਲਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਕਿਸਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ। ਕੇਂਦਰੀ ਮੰਤਰੀ ਨੇ ਪਿੰਡ ਦੇ ਕਿਸਾਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਕਿ ਉਹ ਪਿਛਲੇ ਛੇ ਸਾਲਾਂ ਤੋਂ ਪਰਾਲੀ ਨਹੀਂ ਸਾੜ ਰਹੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਆਪਣੇ ਖੇਤਾਂ 'ਚ ਪਰਾਲੀ ਨੂੰ ਵਾਹੁਣ ਨਾਲ ਇਸ ਨੂੰ ਖਾਦ ਵਿਚ ਬਦਲ ਦਿੱਤਾ ਹੈ, ਜਿਸ ਨਾਲ ਪਿੰਡ ਵਿਚ ਰਸਾਇਣਿਕ ਖਾਦਾਂ ਦੀ ਵਰਤੋਂ 30 ਪ੍ਰਤੀਸ਼ਤ ਘੱਟ ਗਈ ਹੈ। ਉਨ੍ਹਾਂ ਨੇ ਰਣਸੀਂਹ ਕਲਾਂ ਪਿੰਡ ਵਿਚ ਪਰਾਲੀ ਦੇ ਪ੍ਰਬੰਧਨ ਸੰਬੰਧੀ ਇਸ ਪਹਿਲਕਦਮੀ ਨੂੰ ਦੇਸ਼ ਭਰ ਦੇ ਕਿਸਾਨਾਂ ਲਈ ਇਕ ਉਦਾਹਰਨ ਦੱਸਿਆ ਅਤੇ ਕਿਹਾ ਕਿ ਇਹ ਕਦਮ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਨ ਸੁਰੱਖਿਆ ਦੋਵਾਂ ਵਿਚ ਇਕ ਮਹੱਤਵਪੂਰਨ ਯੋਗਦਾਨ ਹੈ। ਇਸ ਮੌਕੇ ਕੇਂਦਰੀ ਮੰਤਰੀ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਲਈ ਭਰਾ ਅਤੇ ਭੈਣ ਦੀ ਬਜਾਏ ਭਤੀਜੇ ਅਤੇ ਭਤੀਜੀਆਂ ਸ਼ਬਦਾਂ ਦੀ ਵਰਤੋਂ ਕਰ ਕੇ ਇਕ ਪਿਆਰ ਭਰਿਆ ਸੰਬੰਧ ਬਣਾਇਆ, ਜਿਸ ਨੇ ਪਿੰਡ ਵਾਸੀਆਂ ਦੇ ਦਿਲਾਂ ਵਿਚ ਉਨ੍ਹਾਂ ਦੇ ਪਿਆਰ ਭਰੇ ਅਕਸ ਨੂੰ ਹੋਰ ਮਜ਼ਬੂਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੂਬਾ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਮੌਜੂਦ

(ਬਾਕੀ ਸਫ਼ਾ 2 ਕਾਲਮ 7)



ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਪਿੰਡ ਰਣਸੀਂਹ ਕਲਾਂ ਵਿਖੇ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਦਾ ਅਨੰਦ ਮਾਣਦੇ ਹੋਏ ਨਾਲ ਹਨ ਸੁਨੀਲ ਜਾਖੜ, ਜਥੇ. ਬੂਟਾ ਸਿੰਘ ਰਣਸੀਂਹ, ਡਾ. ਹਰਜੋਤ ਕਮਲ, ਡਾ. ਸੀਮਾਂਤ ਗਰਗ ਤੇ ਹੋਰ।

## ਕਿਸਾਨਾਂ ਨਾਲ ਮੰਜੇ 'ਤੇ ਬੈਠ ਕੇ ਖਾਧੀ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ

ਕੇਂਦਰੀ ਖੇਤੀਬਾੜੀ ਮੰਤਰੀ ਨੇ ਆਪਣੇ ਇਕ ਰੋਜ਼ਾ ਦੌਰੇ ਦੀ ਸ਼ੁਰੂਆਤ ਸਥਾਨਕ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਨ ਨਾਲ ਕੀਤੀ ਅਤੇ ਫਿਰ ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਖੇਤੀ ਅਭਿਆਸਾਂ ਦੀ ਸਮੀਖਿਆ ਕਰਨ ਲਈ ਖੇਤਾਂ ਵੱਲ ਗਏ। ਜਿਥੇ ਉਨ੍ਹਾਂ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਸਿੱਧੀ ਬਿਜਾਈ, ਖਾਦਾਂ ਦੀ ਘੱਟ ਵਰਤੋਂ ਅਤੇ ਪਰਾਲੀ ਪ੍ਰਬੰਧਨ ਦੇ ਤਰੀਕਿਆਂ ਨੂੰ ਸਮਝਿਆ। ਇਸ ਮੌਕੇ ਉਨ੍ਹਾਂ ਨੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੱਤਾ ਜਿਸ ਵਿਚ ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ 83 ਫ਼ੀਸਦੀ ਦੀ ਗਿਰਾਵਟ

(ਬਾਕੀ ਸਫ਼ਾ 2 ਕਾਲਮ 2)

# ਭਾਰਤ ਦਾ ਪਹਿਲਾ ਨਿੱਜੀ ਆਰਬਿਟਲ ਰਾਕਟ ਤਿਆਰ

## 300 ਕਿੱਲੋ ਤੱਕ ਦੇ ਉਪਗ੍ਰਹਿ ਨੂੰ ਪੁਲਾੜ 'ਚ ਲਿਜਾਣ ਦੇ ਹੈ ਸਮਰੱਥ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਭਾਰਤ ਦੇ ਨਿੱਜੀ ਪੁਲਾੜ ਸੈਕਟਰ ਨੂੰ ਵੱਡਾ ਹੁਲਾਰਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਸਕਾਈਰੂਟ ਏਅਰੋਸਪੇਸ ਦੇ ਹਾਈਟੈਕ ਇਨਫਿਨਿਟੀ ਕੈਂਪਸ ਦਾ ਉਦਘਾਟਨ ਕੀਤਾ ਅਤੇ ਨਾਲ ਹੀ ਭਾਰਤ ਦੇ ਪਹਿਲੇ ਨਿੱਜੀ ਆਰਬਿਟਲ ਰਾਕੇਟ ਵਿਕਰਮ 1 ਨੂੰ ਵੀ ਦੁਨੀਆ ਅੱਗੇ ਪੇਸ਼ ਕੀਤਾ। ਇਸ ਰਾਕੇਟ ਨੂੰ 2026 'ਚ ਲਾਂਚ ਕੀਤਾ ਜਾਵੇਗਾ। ਇਸ ਰਾਕੇਟ 'ਚ 300 ਕਿੱਲੋ ਤੱਕ ਦੇ ਉਪਗ੍ਰਹਿਆਂ ਨੂੰ ਸਫ਼ਲਤਾਪੂਰਵਕ ਸਥਾਪਿਤ ਕਰਨ ਦੀ ਸਮਰੱਥਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦਘਾਟਨ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਭਾਰਤ ਪੁਲਾੜ ਖੇਤਰ ਦੇ ਨਿੱਜੀ ਸੈਕਟਰ 'ਚ ਵੱਡੀ ਉਡਾਣ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਪ੍ਰੋਗਰਾਮ ਇਸ ਗੱਲ ਦੀ ਝਲਕ ਹੈ ਕਿ ਆਉਣ ਵਾਲੇ ਸਮੇਂ 'ਚ ਭਾਰਤ ਆਲਮੀ ਰਾਕੇਟ ਖੇਤਰ 'ਚ ਲੀਡਰ ਬਣ

**ਮੋਦੀ ਨੇ ਵੀਡੀਓ ਕਾਨਫ਼ਰੰਸਿੰਗ ਰਾਹੀਂ ਕੀਤਾ ਉਦਘਾਟਨ**



ਵੀਡੀਓ ਕਾਨਫ਼ਰੰਸਿੰਗ ਜ਼ਰੀਏ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

(ਬਾਕੀ ਸਫ਼ਾ 2 ਕਾਲਮ 7)

# 'ਈਜ਼ੀ ਰਜਿਸਟਰੀ' ਦੀ ਵਿਵਸਥਾ ਲਾਗੂ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣਿਆ

## ਮੁੱਖ ਮੰਤਰੀ ਨੇ ਫ਼ਤਹਿਗੜ੍ਹ ਸਾਹਿਬ ਤਹਿਸੀਲ ਤੋਂ ਕੀਤੀ ਸ਼ੁਰੂਆਤ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਮਨਪ੍ਰੀਤ ਸਿੰਘ, ਰਾਜਿੰਦਰ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਕ ਹੋਰ ਪਹਿਲਕਦਮੀ ਕਰਦਿਆਂ ਸੂਬੇ ਦੇ ਲੋਕਾਂ ਦੀ ਸਹੂਲਤ ਲਈ ਜ਼ਮੀਨ-ਜਾਇਦਾਦ ਲਈ 'ਈਜ਼ੀ ਰਜਿਸਟਰੀ' (ਸੁਖਾਲੀ ਵਿਵਸਥਾ) ਨੂੰ ਲਾਗੂ ਕਰ ਦਿੱਤਾ ਹੈ ਅਤੇ ਮੁੱਖ ਮੰਤਰੀ ਨੇ ਫ਼ਤਹਿਗੜ੍ਹ ਸਾਹਿਬ ਤਹਿਸੀਲ ਵਿਖੇ ਈਜ਼ੀ ਰਜਿਸਟਰੀ ਦੀ ਸ਼ੁਰੂਆਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇਸ ਇਤਿਹਾਸਕ ਪਹਿਲਕਦਮੀ ਦੀ ਸ਼ੁਰੂਆਤ ਦੇ ਗਵਾਹ ਬਣਨ ਵਾਲੇ ਸਾਰੇ ਲੋਕਾਂ ਦਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਦਹਾਕਿਆਂ ਤੋਂ ਜ਼ਮੀਨ-ਜਾਇਦਾਦ ਦੀ ਰਜਿਸਟ੍ਰੇਸ਼ਨ ਨੂੰ ਗੁੰਝਲਦਾਰ ਅਤੇ ਸਮਾਂ ਬਰਬਾਦ ਕਰਨ ਵਾਲੀ ਪ੍ਰਕਿਰਿਆ ਮੰਨਿਆ ਜਾਂਦਾ ਰਿਹਾ ਹੈ, ਜਿਸ ਲਈ ਅਕਸਰ ਸਬ-ਰਜਿਸਟਰਾਰ ਦਫ਼ਤਰਾਂ ਵਿਚ ਵਾਰ-ਵਾਰ ਗੇੜੇ ਲਾ ਕੇ ਖੱਜਲ ਖ਼ੁਆਰ ਹੋਣਾ ਪੈਂਦਾ ਸੀ ਅਤੇ ਦੇਰੀ ਤੇ ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ 'ਸੁਖਾਲੀ ਰਜਿਸਟਰੀ' ਦੀ ਵਿਵਸਥਾ ਲਾਗੂ ਹੋ ਜਾਣ ਨਾਲ ਪੰਜਾਬ 'ਚ ਜਾਇਦਾਦ ਦੀ ਰਜਿਸਟ੍ਰੇਸ਼ਨ ਸੌਖੀ, ਤੇਜ਼ ਅਤੇ ਪਾਰਦਰਸ਼ਤਾ ਦੇ ਇਕ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਗਈ ਹੈ। ਉਨ੍ਹਾਂ ਕਿਹਾ ਕਿ 'ਈਜ਼ੀ ਰਜਿਸਟਰੀ' ਪ੍ਰਣਾਲੀ ਨਾਗਰਿਕਾਂ ਲਈ ਬੇਲੋੜੀ ਦੇਰੀ ਅਤੇ ਖੱਜਲ ਖ਼ੁਆਰੀ ਨੂੰ ਖ਼ਤਮ



ਮੁੱਖ ਮੰਤਰੀ ਭਗਵੰਤ ਮਾਨ ਫ਼ਤਹਿਗੜ੍ਹ ਸਾਹਿਬ ਤਹਿਸੀਲ ਵਿਖੇ 'ਈਜ਼ੀ ਰਜਿਸਟਰੀ' ਦੀ ਸ਼ੁਰੂਆਤ ਕਰਨ ਮੌਕੇ। ਤਸਵੀਰ : ਕਰਨ

(ਬਾਕੀ ਸਫ਼ਾ 2 ਕਾਲਮ 2)

# 1984 ਸਿੱਖ ਨਸਲਕੁਸ਼ੀ : ਦਿੱਲੀ ਹਾਈ ਕੋਰਟ ਨੇ ਬਲਵਾਨ ਖੋਖਰ ਦੇ ਮਾਮਲੇ 'ਚ ਜੇਲ੍ਹ ਪ੍ਰਸ਼ਾਸਨ ਤੋਂ ਮੰਗਿਆ ਜਵਾਬ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਦਿੱਲੀ ਹਾਈ ਕੋਰਟ ਨੇ 1984 ਸਿੱਖ ਨਸਲਕੁਸ਼ੀ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਸਾਬਕਾ ਕਾਂਗਰਸ ਕੌਂਸਲਰ ਬਲਵਾਨ ਖੋਖਰ ਦੀ ਫਰਲੋ ਪਟੀਸ਼ਨ 'ਤੇ ਦਿੱਲੀ ਸਰਕਾਰ ਨੂੰ ਜਵਾਬ ਦੇਣ ਲਈ ਹੋਰ ਸਮਾਂ ਦਿੱਤਾ ਹੈ। ਜਸਟਿਸ ਰਵਿੰਦਰ ਡੁਡੇਜਾ ਦੇ ਬੈਂਚ ਨੇ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਇਸ ਮਾਮਲੇ 'ਚ 5 ਦਸੰਬਰ ਤੱਕ ਆਪਣੀ ਸਥਿਤੀ ਰਿਪੋਰਟ ਅਤੇ ਜਵਾਬ ਦਾਖ਼ਲ ਕਰਵਾਉਣ ਨੂੰ ਕਿਹਾ। ਅਦਾਲਤ ਨੇ ਖੋਖਰ ਦੀ ਉਸ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ 'ਚ ਉਸਨੇ ਸੁਣਵਾਈ 4 ਫਰਵਰੀ, 2026 ਤੋਂ ਪਹਿਲਾਂ ਕਰਨ ਦੀ ਮੰਗ ਕੀਤੀ ਸੀ। ਹੁਣ ਇਸ ਮਾਮਲੇ ਦੀ ਸੁਣਵਾਈ 5 ਦਸੰਬਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਜੇਲ੍ਹ ਪ੍ਰਸ਼ਾਸਨ ਨੇ 4 ਸਤੰਬਰ ਨੂੰ ਇਹ ਕਹਿ ਕੇ ਉਸਦੀ ਫਰਲੋ ਸੰਬੰਧੀ ਅਰਜ਼ੀ ਰੱਦ ਕਰ ਦਿੱਤੀ ਸੀ ਕਿ ਉਸਦੀ ਰਿਹਾਈ ਨਾਲ ਇਲਾਕੇ 'ਚ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ ਅਤੇ ਜਨਤਕ ਸ਼ਾਂਤੀ ਭੰਗ ਹੋਣ ਦਾ ਖਦਸ਼ਾ ਹੈ। ਖੋਖਰ ਨੇ ਇਸ ਨੂੰ ਹਾਈ ਕੋਰਟ 'ਚ ਚੁਣੌਤੀ ਦਿੰਦਿਆਂ ਮੰਗ ਕੀਤੀ ਕਿ ਉਸ ਨੂੰ 21 ਦਿਨਾਂ ਲਈ ਫਰਲੋ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਪਰਿਵਾਰ ਅਤੇ ਸਮਾਜ ਨਾਲ ਸੰਬੰਧ ਸਥਾਪਿਤ ਕਰ ਸਕੇ। ਜ਼ਿਕਰਯੋਗ ਹੈ ਬਲਵਾਨ ਖੋਖਰ ਨੂੰ 2013 'ਚ ਹੱਤਿਆ ਅਤੇ ਦੰਗਾ ਭੜਕਾਉਣ ਦੇ ਮਾਮਲੇ 'ਚ ਦੋਸ਼ੀ ਠਹਿਰਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਹਵਾ ਪ੍ਰਦੂਸ਼ਣ; ਸਾਡੇ ਕੋਲ ਜਾਦੂ ਦੀ ਛੜੀ ਨਹੀਂ-ਸੁਪਰੀਮ ਕੋਰਟ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਦਿੱਲੀ ਐਨ.ਸੀ.ਆਰ. 'ਚ ਵਧ ਰਹੇ ਪ੍ਰਦੂਸ਼ਣ ਨੂੰ ਲੈ ਕੇ ਸੁਪਰੀਮ ਕੋਰਟ ਨੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਨੂੰ ਪਤਾ ਹੈ ਕਿ ਦਿੱਲੀ ਐਨ.ਸੀ.ਆਰ. ਲਈ ਖਤਰਨਾਕ ਸਮਾਂ ਹੈ। ਨਾਲ ਹੀ ਕਿਹਾ ਕਿ ਸਾਡੇ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ ਕਿ ਇਸ ਨੂੰ ਘੁਮਾ ਕੇ ਖਤਮ ਕਰ ਦਿੱਤਾ ਜਾਏ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਸੰਕਟ ਨੂੰ ਲਗਾਤਾਰ ਨਿਗਰਾਨੀ ਦੀ ਲੋੜ ਹੈ। ਇਸ ਮਾਮਲੇ 'ਚ ਅਗਲੀ ਸੁਣਵਾਈ 1 ਦਸੰਬਰ ਨੂੰ ਹੋਵੇਗੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੇ. ਬਾਗਚੀ ਨੇ ਕਿਹਾ ਕਿ ਪ੍ਰਦੂਸ਼ਣ ਦੇ ਪਿੱਛੇ ਕੋਈ ਇਕ ਕਾਰਨ ਨਹੀਂ ਹੈ ਅਤੇ ਇਸ ਨੂੰ ਸਿਰਫ ਮਾਹਿਰਾਂ ਅਤੇ ਸਾਇੰਸਦਾਨਾਂ 'ਤੇ ਛੱਡ ਦੇਣਾ ਸਹੀ ਨਹੀਂ ਹੋਏਗਾ। ਉਨ੍ਹਾਂ ਕਿਹਾ ਕਿ ਸਾਨੂੰ ਸਾਰੇ ਕਾਰਨਾਂ ਦੀ ਪਛਾਣ ਕਰਨੀ ਹੋਏਗੀ। ਹਰ ਇਲਾਕੇ ਲਈ ਵਖਰੇ ਹੱਲ ਦੀ ਲੋੜ ਹੈ। ਇਸ ਲਈ ਸਰਕਾਰ ਦੀਆਂ ਬਣਾਈਆਂ ਗਈਆਂ ਕਮੇਟੀਆਂ ਅਤੇ ਉਸਦੇ ਕੰਮਕਾਜ ਦੀ ਵੀ ਸਮੀਖਿਆ ਕਰਨੀ ਹੋਏਗੀ। ਨਾਲ ਹੀ ਲਗਾਤਾਰ ਨਿਗਰਾਨੀ ਦੇ ਅਮਲ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਹੈ। ਐਮਿਕਸ ਕਿਊਰੀ ਅਪਰਾਜਿਤਾ ਸਿੰਘ ਨੇ ਅਦਾਲਤ ਅੱਗੇ ਤੱਥ ਰਖਦਿਆਂ ਕਿਹਾ ਕਿ ਹਵਾ ਦੇ ਪ੍ਰਦੂਸ਼ਣ ਨੂੰ ਸਿਹਮਤ ਐਮਰਜੈਂਸੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਆਮ ਨਾਗਰਿਕਾਂ ਦੀ ਜਾਨ ਅਤੇ ਸਿਹਤ ਦੋਵੇਂ ਖਤਰੇ 'ਚ ਹਨ। ਚੀਫ਼ ਜਸਟਿਸ ਨੇ ਕਿਹਾ ਕਿ ਅਕਸਰ ਦੀਵਾਲੀ ਦੇ ਸਮੇਂ ਪ੍ਰਦੂਸ਼ਣ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਹੁੰਦੀ ਹੈ, ਪਰ ਉਸ ਤੋਂ ਬਾਅਦ ਇਹ ਮਾਮਲਿਆਂ ਦੀ ਸੂਚੀ ਤੋਂ ਗਾਇਬ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ 'ਚ ਲਗਾਤਾਰ ਨਿਗਰਾਨੀ ਅਤੇ ਨਿਯਮਿਤ ਸੁਣਵਾਈ ਜ਼ਰੂਰੀ ਹੈ ਤਾਂ ਜੋ ਠੋਸ ਅਤੇ ਪ੍ਰਭਾਵੀ ਫੈਸਲੇ ਲਏ ਜਾ ਸਕਣ।

# 'ਆਪ੍ਰੇਸ਼ਨ ਸੰਧੂਰ' ਰਾਹੀਂ ਦੁਨੀਆ ਨੇ ਦੇਖੀ ਭਾਰਤ ਦੀ ਤਾਕਤ-ਰਾਸ਼ਟਰਪਤੀ ਮੁਰਮੂ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਦਿੱਲੀ ਦੇ ਮਾਨੇਕਸ਼ਾ ਸੈਂਟਰ 'ਚ ਭਾਰਤੀ ਫ਼ੌਜ ਅਤੇ ਭੂਮੀ ਯੁੱਧ ਅਧਿਐਨ ਕੇਂਦਰ ਵਲੋਂ ਕਰਵਾਏ ਗਏ 'ਚਾਣਕਯ ਡਿਫੈਂਸ ਡਾਇਲਾਗਸ-2025' ਦੇ ਤੀਜੇ ਅੰਕ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਆਪ੍ਰੇਸ਼ਨ ਸੰਧੂਰ ਨੂੰ ਭਾਰਤ ਦੇ ਫ਼ੌਜੀ ਇਤਿਹਾਸ ਦਾ ਇਕ ਨਤੀਜਾਕੁੰਨ ਕਦਮ ਕਰਾਰ ਦਿੱਤਾ ਅਤੇ ਇਸ ਨੂੰ ਅੱਤਵਾਦ ਨਾਲ ਲੜਣ ਅਤੇ ਰੋਕਣ ਦੀ ਰਣਨੀਤੀ ਦੀ ਨਵੀਂ ਦਿਸ਼ਾ ਕਰਾਰ ਦਿੱਤਾ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਆਪ੍ਰੇਸ਼ਨ ਸੰਧੂਰ ਨੇ ਨਾ ਸਿਰਫ ਸਾਡੀ ਅੱਤਵਾਦ 'ਤੇ ਕਾਬੂ ਪਾਉਣ ਦੀ ਰਣਨੀਤੀ ਨੂੰ ਮਜ਼ਬੂਤ ਕੀਤਾ ਸਗੋਂ ਭਾਰਤ ਦੀ ਫ਼ੌਜੀ ਸਮਰੱਥਾ ਅਤੇ ਨੈਤਿਕ ਮਜ਼ਬੂਤੀ ਨੂੰ ਵੀ ਆਲਮੀ ਪੱਧਰ 'ਤੇ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆ ਨੇ ਵੇਖ ਲਿਆ ਕਿ ਭਾਰਤ ਸ਼ਾਂਤੀ ਦਾ ਪੱਖ ਲੈਂਦਾ ਹੈ, ਪਰ ਲੋੜ ਪੈਣ 'ਤੇ ਉਹ ਮਜਬੂਤੀ ਤੇ ਜ਼ਿੰਮੇਵਾਰੀ ਨਾਲ ਫੈਸਲਾਕੁੰਨ ਕਾਰਵਾਈ ਕਰਨ 'ਚ ਪੂਰੀ ਤਰ੍ਹਾਂ ਸਮਰੱਥ ਹੈ। ਰਾਸ਼ਟਰਪਤੀ ਨੇ ਹਥਿਆਰਬੰਦ ਫ਼ੌਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਸਾਡੀ ਫ਼ੌਜ ਨੇ ਸਰਹਦਾਂ ਦੀ ਰਾਖੀ ਦੇ ਨਾਲ-ਨਾਲ ਸਰਹੱਦ ਦੇ ਨਾਲ ਲਗਦੇ ਖੇਤਰਾਂ 'ਚ ਬੁਨਿਆਦੀ ਢਾਂਚਾ, ਸੰਪਰਕ, ਸੈਰ ਸਪਾਟਾ, ਸਿੱਖਿਆ ਅਤੇ ਰੁਜ਼ਗਾਰ ਨੂੰ ਉਤਸ਼ਾਹਿਤ ਕਰ ਕੇ ਰਾਸ਼ਟਰੀ ਵਿਕਾਸ 'ਚ ਵੀ ਅਹਿਮ ਯੋਗਦਾਨ ਦਿੱਤਾ ਹੈ। ਮੁਰਮੂ ਨੇ ਤੇਜ਼ੀ ਨਾਲ ਬਦਲਦੇ ਆਲਮੀ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਤਕਨੀਕੀ ਕ੍ਰਾਂਤੀ, ਨਵੇਂ ਸ਼ਕਤੀ ਕੇਂਦਰਾਂ ਦਾ ਉਭਾਰ, ਸਾਈਬਰ, ਸੂਚਨਾ ਜੰਗ ਜਿਹੇ ਖੇਤਰਾਂ ਨੇ ਸ਼ਾਂਤੀ ਅਤੇ ਜੰਗ ਦੀਆਂ ਸਰਹਦਾਂ ਨੂੰ ਧੁੰਦਲਾ ਕਰ ਦਿੱਤਾ ਹੈ।





ਮਿਜ਼ੋਰਮ 'ਚ ਭਾਰਤ-ਮਿਆਂਮਾਰ ਸਰਹੱਦ ਦੇ ਨਾਲ ਈ. ਡੀ. ਵਲੋਂ ਪਹਿਲੀ ਵਾਰ ਕੀਤੀ ਗਈ ਛਾਪੇਮਾਰੀ ਦੌਰਾਨ ਸੁਰੱਖਿਆ ਜਵਾਨ।

# ਈ.ਡੀ. ਵਲੋਂ ਭਾਰਤ-ਮਿਆਂਮਾਰ ਸਰਹੱਦ 'ਤੇ ਪਹਿਲੀ ਵਾਰ ਛਾਪੇਮਾਰੀ

## ਨਸ਼ੀਲੇ ਪਦਾਰਥਾਂ ਦੇ ਮਾਮਲੇ 'ਚ ਕੀਤੀ ਗਈ ਕਾਰਵਾਈ

ਨਵੀਂ ਦਿੱਲੀ/ਆਈਜ਼ੋਲ, 27 ਨਵੰਬਰ (ਪੀ. ਟੀ. ਆਈ.)-ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਹਵਾਲਾ ਰਾਸ਼ੀ ਮਾਮਲੇ ਵਿਚ ਪਹਿਲੀ ਵਾਰ ਮਿਜ਼ੋਰਮ 'ਚ ਭਾਰਤ-ਮਿਆਂਮਾਰ ਸਰਹੱਦ 'ਤੇ ਛਾਪੇਮਾਰੀ ਕੀਤੀ। ਇਸ ਤੋਂ ਇਲਾਵਾ ਅਸਾਮ ਤੇ ਗੁਜਰਾਤ ਦੇ ਕੁਝ ਸਥਾਨਾਂ 'ਤੇ ਵੀ ਛਾਪੇਮਾਰੀ ਕੀਤੀ ਗਈ। ਇਸ ਛਾਪੇਮਾਰੀ 'ਚ ਸੰਘੀ ਜਾਂਚ ਏਜੰਸੀ ਨੇ ਕੁਝ ਡਿਜੀਟਲ ਡਿਵਾਈਸਾਂ ਤੋਂ ਇਲਾਵਾ 35 ਲੱਖ ਰੁਪਏ ਦੀ ਨਕਦੀ ਵੀ ਜ਼ਬਤ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਹਵਾਲਾ ਰਾਸ਼ੀ ਰੋਕਥਾਮ ਐਕਟ (ਪੀ.ਐਮ.ਐਲ.ਏ.) ਦੇ ਉਪਬੰਧਾਂ ਤਹਿਤ ਮਿਜ਼ੋਰਮ 'ਚ ਆਈਜ਼ੋਲ ਤੇ ਚੰਫਾਈ, ਅਸਾਮ 'ਚ ਸ਼੍ਰੀਭੂਮੀ (ਕਰੀਮਗੰਜ) ਤੇ ਗੁਜਰਾਤ ਵਿਚ ਅਹਿਮਦਾਬਾਦ ਦੇ ਸਥਾਨਾਂ ਦੀ ਤਲਾਸ਼ੀ ਲਈ ਗਈ। ਇਹ ਜਾਂਚ 6 ਲੋਕਾਂ ਤੋਂ 1.41 ਕਰੋੜ ਰੁਪਏ ਦੀ ਕੀਮਤ ਦੀ 4.72 ਕਿਲੋਗ੍ਰਾਮ ਹੈਰੋਇਨ ਜ਼ਬਤ ਕਰਨ ਦੀ ਮਿਜ਼ੋਰਮ ਪੁਲਿਸ ਦੀ ਐਫ.ਆਈ.ਆਰ. ਤੋਂ ਸ਼ੁਰੂ ਹੋਈ ਹੈ। ਈ.ਡੀ. ਅਧਿਕਾਰੀਆਂ ਨੇ ਕਿਹਾ ਕਿ ਭਾਰਤ-ਮਿਆਂਮਾਰ ਸਰਹੱਦ (ਚੰਫਾਈ) ਦੇ ਨਾਲ ਏਜੰਸੀ ਵਲੋਂ ਕੀਤੀ ਗਈ ਇਹ ਪਹਿਲੀ ਤਲਾਸ਼ੀ ਹੈ।

# ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ 'ਚ ਸ਼ੇਖ ਹਸੀਨਾ ਨੂੰ 21 ਸਾਲ ਦੀ ਕੈਦ

ਢਾਕਾ, 27 ਨਵੰਬਰ (ਪੀ. ਟੀ. ਆਈ.)-ਬੰਗਲਾਦੇਸ਼ ਦੀ ਇਕ ਅਦਾਲਤ ਨੇ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸਰਕਾਰੀ ਹਾਊਸਿੰਗ ਪ੍ਰੋਜੈਕਟ ਦੇ ਤਹਿਤ ਪਲਾਟ ਵੰਡਣ 'ਚ ਕਥਿਤ ਬੇਨਿਯਮੀਆਂ ਦੇ ਲਈ 21 ਸਾਲਾਂ ਦੀ ਜੇਲ੍ਹ ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਪੰਜ-ਪੰਜ ਸਾਲ ਜੇਲ੍ਹ ਦੀ ਸਜ਼ਾ ਸੁਣਾਈ। ਇਹ ਸਜ਼ਾ ਉਨ੍ਹਾਂ ਦੀ ਗੈਰ ਮੌਜੂਦਗੀ 'ਚ ਚੱਲੀ ਸੁਣਵਾਈ ਦੇ ਬਾਅਦ ਸੁਣਾਈ ਗਈ। ਢਾਕਾ ਦੀ ਵਿਸ਼ੇਸ਼ ਜੱਜ ਅਦਾਲਤ-5 ਨੇ 78 ਸਾਲਾਂ ਦੀ ਹਸੀਨਾ, ਉਨ੍ਹਾਂ ਦੇ ਬੇਟੇ ਸਾਜਿਬ ਵਾਜਿਦ ਜੋਏ ਅਤੇ ਬੇਟੀ ਸਾਇਮਾ ਵਾਜਿਦ ਪੁਤੁਲ ਨੂੰ ਰਾਜਧਾਨੀ ਨਾਲ



(ਬਾਕੀ ਸਫ਼ਾ 2 ਕਾਲਮ 7)

# ਆਰ.ਐਸ.ਐਸ. ਆਗੂ ਦੇ ਬੇਟੇ ਦਾ ਮੁੱਖ ਕਾਤਲ ਪੁਲਿਸ ਮੁਕਾਬਲੇ 'ਚ ਹਲਾਕ

## ਇਕ ਹੌਲਦਾਰ ਜ਼ਖ਼ਮੀ

ਫ਼ਿਰੋਜ਼ਪੁਰ/ਫ਼ਾਜ਼ਿਲਕਾ, 27 ਨਵੰਬਰ (ਦਵਿੰਦਰ ਪਾਲ ਸਿੰਘ)-ਆਰ.ਐਸ.ਐਸ. ਆਗੂ ਬਲਦੇਵ ਅਰੋੜਾ ਦੇ ਬੇਟੇ ਨਵੀਨ ਅਰੋੜਾ ਦੀ ਹੱਤਿਆ ਮਾਮਲੇ 'ਚ ਤੜਕਸਾਰ ਪੁਲਿਸ ਤੇ ਬਦਮਾਸ਼ਾਂ ਦੇ ਵਿਚਕਾਰ ਹੋਈ ਗੋਲੀਬਾਰੀ 'ਚ ਕਤਲ ਕਾਂਡ ਦਾ ਮੁੱਖ ਦੋਸ਼ੀ ਬਾਦਲ ਮਾਰਿਆ ਗਿਆ ਤੇ ਉਸ ਦੇ 2 ਸਾਥੀ ਪੁਲਿਸ ਨੂੰ ਚਕਮਾ ਦੇ ਕੇ ਭੱਜਣ 'ਚ ਸਫਲ ਹੋ ਗਏ। 15 ਨਵੰਬਰ ਨੂੰ ਫ਼ਿਰੋਜ਼ਪੁਰ 'ਚ ਨਵੀਨ ਅਰੋੜਾ ਦੀ ਬਾਜ਼ਾਰ ਅੰਦਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤੋਂ ਪੰਜਾਬ ਭਰ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਤਹਿਤ ਬਾਦਲ ਪੁੱਤਰ ਕ੍ਰਿਸ਼ਨ ਵਾਸੀ ਭੱਟੀਆਂ ਮੁਹੱਲਾ, ਫ਼ਿਰੋਜ਼ਪੁਰ ਨੂੰ, ਉਸ ਦੇ ਹੋਰ ਤਿੰਨ ਸਾਥੀਆਂ

(ਬਾਕੀ ਸਫ਼ਾ 2 ਕਾਲਮ 5)

## ਕਾਂਗਰਸ ਤੇ ਭਾਜਪਾ ਦਰਮਿਆਨ ਤਿੱਖੀ ਸ਼ਬਦੀ ਜੰਗ

# ਦੇਸ਼ ਦੇ ਖ਼ਿਲਾਫ਼ ਬਿਰਤਾਂਤ ਸੈੱਟ ਕਰ ਰਹੀ ਹੈ ਕਾਂਗਰਸ-ਭਾਜਪਾ

## ਐਸ.ਆਈ.ਆਰ. ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼-ਕਾਂਗਰਸ

ਨਵੀਂ ਦਿੱਲੀ, 27 ਨਵੰਬਰ (ਉਪਮਾ ਡਾਗਾ ਪਾਰਥ)-ਭਾਜਪਾ ਅਤੇ ਕਾਂਗਰਸ ਨੇ ਇਕ-ਦੂਜੇ ਦੇ ਖ਼ਿਲਾਫ਼ ਤਿੱਖੇ ਸ਼ਬਦੀ ਤੀਰ ਚਲਾਉਂਦੇ ਹੋਏ ਇਕ-ਦੂਜੇ ਨੂੰ ਨਿਸ਼ਾਨੇ 'ਤੇ ਲਿਆ। ਭਾਜਪਾ ਨੇ ਕਾਂਗਰਸ 'ਤੇ ਇਲਜ਼ਾਮ ਲਗਾਉਂਦੇ ਕਿਹਾ ਕਿ ਦੇਸ਼ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖ਼ਿਲਾਫ਼ ਨੈਗੇਟਿਵ ਬਣਾਇਆ ਜਾ ਰਿਹਾ ਹੈ ਅਤੇ ਕਾਂਗਰਸ ਨੇਤਾਵਾਂ ਦੇ 'ਐਕਸ' ਅਕਾਊਂਟ ਵਿਦੇਸ਼ਾਂ ਤੋਂ ਚਲਾਏ ਜਾ ਰਹੇ ਹਨ। ਕਾਂਗਰਸ ਨੇ ਭਾਜਪਾ 'ਤੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਸਰਕਾਰ ਅਤੇ ਚੋਣ ਕਮਿਸ਼ਨ ਵਲੋਂ ਕਨਪਟੀ 'ਤੇ ਬੰਦੂਕ ਰਖਵਾ ਕੇ ਓ.ਬੀ.ਸੀ. ਵੋਟ ਕਟਵਾਏ ਜਾ ਰਹੇ ਹਨ। ਨਾਲ ਹੀ ਬੀ.ਐਲ.ਓ. ਦੀ ਮੌਤ ਨੂੰ ਦਿਨ ਦਿਹਾੜੇ ਹੱਤਿਆ ਕਰਾਰ ਦਿੱਤਾ। ਕਾਂਗਰਸ ਨੇ ਕਿਹਾ ਕਿ ਭਾਜਪਾ ਇਸ ਅਸਲ ਮੁੱਦੇ ਤੋਂ ਧਿਆਨ ਭਟਕਾਉਣ ਲਈ ਬੇਬੁਨਿਆਦ ਬਿਆਨ ਦੇ ਰਹੀ ਹੈ।

### ਵਿਦੇਸ਼ਾਂ ਤੋਂ ਚਲਾਏ ਜਾ ਰਹੇ ਹਨ ਕਾਂਗਰਸੀ ਨੇਤਾਵਾਂ ਦੇ 'ਐਕਸ' ਅਕਾਊਂਟ-ਭਾਜਪਾ

ਭਾਜਪਾ ਨੇ ਕਾਂਗਰਸ ਨੇਤਾਵਾਂ ਦੇ 'ਐਕਸ' ਅਕਾਊਂਟ ਵਿਦੇਸ਼ਾਂ ਤੋਂ ਸੰਚਾਲਿਤ ਹੋਣ ਦਾ ਇਲਜ਼ਾਮ ਲਗਾਉਂਦੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਦੇਸ਼ ਦੇ ਖ਼ਿਲਾਫ਼ ਗ਼ਲਤ ਬਿਰਤਾਂਤ ਸੈੱਟ ਕੀਤਾ ਜਾ ਰਿਹਾ ਹੈ। ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਸਾਲ 2014 ਤੋਂ ਲਗਾਤਾਰ ਕਾਂਗਰਸ ਅਤੇ ਰਾਹੁਲ ਗਾਂਧੀ ਦੀ ਸੋਸ਼ਲ ਮੀਡੀਆ ਟੀਮ ਦੇਸ਼ ਅਤੇ ਪ੍ਰਧਾਨ ਮੰਤਰੀ ਨੂੰ ਅਪਮਾਨਿਤ ਕਰਨ ਦੀ ਕੋਈ ਕਸਰ ਨਹੀਂ ਛੱਡ ਰਹੀ। ਭਾਵੇਂ ਇਸ ਲਈ ਉਨ੍ਹਾਂ ਨੂੰ ਵਿਦੇਸ਼ੀ ਤਾਕਤਾਂ ਦੀ ਮਦਦ ਕਿਉਂ ਨਾ ਲੈਣੀ ਪਵੇ। ਪਾਤਰਾ ਨੇ ਕਿਹਾ ਕਿ ਸੋਸ਼ਲ ਮੀਡੀਆ ਮੰਚ 'ਐਕਸ' 'ਚ ਇਕ ਨਵਾਂ ਫ਼ੀਚਰ ਆਇਆ ਹੈ ਜਿਸ 'ਚ ਅਕਾਊਂਟ ਹੋਲਡਰ ਦੇ ਦੇਸ਼ ਦਾ ਪਤਾ ਲੱਗ ਸਕਦਾ ਹੈ ਅਤੇ ਇਹ ਵੀ ਪਤਾ ਲਗਦਾ ਹੈ ਕਿ ਅਕਾਊਂਟ ਕਿਥੋਂ ਸੰਚਾਲਿਤ ਹੋ ਰਿਹਾ ਹੈ। ਉਨ੍ਹਾਂ ਕੁਝ ਕਾਂਗਰਸੀ ਨੇਤਾਵਾਂ ਦਾ ਨਾਂਅ ਲੈਂਦਿਆਂ ਕਿਹਾ ਕਿ ਪਵਨ ਖੇੜਾ ਦਾ ਅਕਾਊਂਟ ਅਮਰੀਕਾ ਦਾ, ਮਹਾਰਾਸ਼ਟਰ ਕਾਂਗਰਸ ਦਾ ਆਇਰਲੈਂਡ ਦਾ ਅਤੇ ਹਿਮਾਚਲ ਕਾਂਗਰਸ ਦਾ ਥਾਈਲੈਂਡ ਦਾ ਹੈ।

### ਦੇਸ਼ 'ਚ ਹੋ ਰਿਹਾ ਹੈ ਮਾਰੂ ਐਸ.ਆਈ.ਆਰ.-ਕਾਂਗਰਸ

ਕਾਂਗਰਸ ਨੇ ਅਸਲ ਮੁੱਦਾ 'ਵੋਟ ਚੋਰੀ' ਅਤੇ ਐਸ.ਆਈ.ਆਰ. ਦੇ ਨਾਂਅ 'ਤੇ ਓ.ਬੀ.ਸੀ. ਤਬਕੇ ਦੇ ਵੋਟ ਕੱਟਣ ਨੂੰ ਦੱਸਦਿਆਂ ਕਿਹਾ ਕਿ ਇਸ ਮੁੱਦੇ ਤੋਂ ਧਿਆਨ ਭਟਕਾਉਣ ਲਈ ਭਾਜਪਾ ਬੇਬੁਨਿਆਦ ਬਿਆਨ ਦੇ ਰਹੀ ਹੈ। ਕਾਂਗਰਸ ਨੇਤਾ ਸੁਪ੍ਰਿਆ ਸ਼੍ਰੀਨੇਤ ਨੇ ਨੇ ਭਾਜਪਾ ਦੇ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸੋਸ਼ਲ ਮੀਡੀਆ ਮੰਚ 'ਐਕਸ' ਦਾ ਕਹਿਣਾ ਹੈ ਕਿ ਵੀ.ਪੀ.ਐਨ. ਤਾਂ ਸਫ਼ਰ ਕਰਨ ਨਾਲ ਬਦਲ ਸਕਦਾ ਹੈ, ਉਹ ਛੇਤੀ ਇਸਨੂੰ ਠੀਕ ਕਰਨਗੇ। ਸੁਪ੍ਰਿਆ ਸ਼੍ਰੀਨੇਤ ਨੇ ਇਹ ਵੀ ਕਿਹਾ ਕਿ ਭਾਜਪਾ ਗੁਜਰਾਤ ਦਾ ਐਕਸ ਹੈਂਡਲ ਆਇਰਲੈਂਡ ਤੋਂ ਚਲ ਰਿਹਾ ਹੈ। ਡੀ.ਡੀ. ਨਿਊਜ਼ ਵਿਦੇਸ਼ ਤੋਂ ਕਿਉਂ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਮੁੱਦਾ ਭਟਕਾਉਣ ਦੀ ਕੋਸ਼ਿਸ਼ ਹੈ। ਕਾਂਗਰਸੀ ਨੇਤਾ ਨੇ ਕਿਹਾ ਕਿ ਦੇਸ਼ 'ਚ 26 ਬੀ.ਐਲ.ਓ. ਦੀ ਮੌਤ ਹੋ ਗਈ ਹੈ। ਦੇਸ਼ 'ਚ ਮਾਰੂ ਐਸ.ਆਈ.ਆਰ. ਹੋ ਰਿਹਾ ਹੈ ਪਰ ਭਾਜਪਾ ਦੇ ਨੇਤਾ ਫਾਲਤੂ ਦੀਆਂ ਗੱਲਾਂ ਨੂੰ ਮੁੱਦਾ ਬਣਾਉਣਾ ਚਾਹੁੰਦੇ ਹਨ। ਕਾਂਗਰਸੀ ਨੇਤਾ ਨੇ ਸਰਕਾਰ 'ਤੇ ਨਾਕਾਮੀ ਦਾ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਤੁਸੀਂ ਨੌਜਵਾਨਾਂ ਦਾ ਭਵਿੱਖ ਬਰਬਾਦ ਕਰ ਦਿੱਤਾ। ਕਿਸਾਨਾਂ ਨੂੰ ਫ਼ਸਲਾਂ ਦੀ ਕੀਮਤ ਨਹੀਂ ਮਿਲ ਰਹੀ, ਲੋਕਾਂ ਤੋਂ ਵੋਟ ਦਾ ਹੱਕ ਖੋਹਿਆ ਜਾ ਰਿਹਾ ਹੈ, ਔਰਤਾਂ ਦੇ ਨਾਲ ਜ਼ੁਲਮ ਹੋ ਰਿਹਾ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਤੁਸੀਂ ਕੁਝ ਵੀ ਕਰ ਲਓ, ਸਵਾਲ ਜ਼ਿੰਦਾ ਰਹਿਣਗੇ ਅਤੇ ਤੁਹਾਡੇ ਕੋਲੋਂ ਪੁੱਛੇ ਜਾਣਗੇ।


